Jag Bani (05 December, 2014)

# ਯੂਰਪ ਦੇ ਸਬੋਰਗਾ ਦੇਸ਼ ਵਲੋਂ ਸੁਰਿੰਦਰਪਾਲ ਸਿੰਘ ਓਬਰਾਏ ਭਾਰਤ ਲਈ ਕੌਂਸਲੇਟ ਜਨਰਲ ਨਿਯੁਕਤ

## ਸ. ਓਬਰਾਏ ਕਿਸੇ ਵੀ ਯੂਰਪੀਅਨ ਦੇਸ਼ ਵਲੋਂ ਰਾਜਦੂਤ ਨਿਯੁਕਤ ਕੀਤੇ ਗਏ ਪਹਿਲੇ ਸਿੱਖ

ਪਟਿਆਲਾ, 4 ਦਸੰਬਰ (ਪਰਮੀਤ)- ਦੁਬਈ ਦੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਸੁਰਿੰਦਰਪਾਲ ਸਿੰਘ ਓਬਰਾਏ ਨੂੰ ਯੂਰਪ ਦੇ ਸਬੋਰਗਾ ਦੇਸ਼ ਵਲੋਂ ਭਾਰਤ ਲਈ ਕੌਂਸਲੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਇਹ ਪਹਿਲਾ ਮੌਕਾ ਹੈ ਕਿ ਕਿਸੇ ਇਕ ਸਿੱਖ ਨੂੰ ਯੂਰਪ ਦੇ ਦੇਸ਼ ਵਲੋਂ ਬਹੁਤ ਹੀ ਉੱਚਾ ਮਾਣ ਦਿੱਤਾ ਗਿਆ ਹੋਵੇ। ਸ. ਓਬਰਾਏ ਕਿਸੇ ਵੀ ਯੂਰਪੀਅਨ ਦੇਸ਼ ਵਲੋਂ ਪਹਿਲੇ ਸਿੱਖ ਰਾਜਦੂਤ ਨਿਯੁਕਤ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸੇ ਸਾਲ ਓਬਰਾਏ ਨੂੰ ਹਾਊਸ ਆਫ ਲਾਰਡ ਵਿਖੇ ਸਿੱਖ ਆਫ ਯੀਅਰ ਐਵਾਰਡ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖ ਦਫਤਰ ਤੋਂ ਜਾਰੀ ਇਕ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਸਬੋਰਗਾ 'ਚ ਕਾਊਂਸਲਰ ਕਾਰਪਸ ਆਫ ਪ੍ਰਿੰਸੀਪੈਲਿਟੀ ਆਫ ਸਬੋਰਗਾ ਦੇ ਪ੍ਰਿੰਸ ਮਾਰਸੈਲ ਵਲੋਂ ਸੁਰਿੰਦਰਪਾਲ ਸਿੰਘ ਓਬਰਾਏ ਦੀ ਭਾਰਤ ਲਈ ਸਬਰਗਾ ਦੇ ਕੌਂਸਲੇਟ ਜਨਰਲ ਦੀ ਨਿਯੁਕਤੀ ਦਾ ਆਦੇਸ਼ ਜਾਰੀ ਕੀਤਾ। ਟਰੱਸਟ ਤੋਂ ਜਾਰੀ ਇਕ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਸਬੋਰਗਾ ਦੇ ਪ੍ਰਿੰਸ ਵਲੋਂ ਸ. ਓਬਰਾਏ ਨੂੰ ਦੋ ਪਾਸਪੋਰਟ ਵੀ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਸਬੋਰਗਾ ਦੇਸ਼ ਦੇ ਪਾਸਪੋਰਟ ਤੋਂ ਇਲਾਵਾ- ਕਲੱਬ ਡਿਪਲੋਮੇਟ-ਸੀ. ਡੀ. ਪਾਸਪੋਰਟ ਵੀ ਜਾਰੀ ਕੀਤਾ ਗਿਆ ਹੈ। ਇਸ ਸੀ. ਡੀ. ਪਾਸਪੋਰਟ ਦੀ ਅੰਤਰਰਾਸ਼ਟਰੀ ਪੱਧਰ 'ਤੇ ਬੜੀ ਵੱਡੀ ਮਾਨਤਾ ਹੈ। ਇਸ ਤਾਜਪੋਸ਼ੀ ਸਮਾਗਮ ਵਿਚ ਭਾਰਤ ਵਲੋਂ ਵਿਸ਼ੇਸ਼ ਡੈਲੀਗੇਸ਼ਨ, ਜਿਸ ਵਿਚ ਸਰਵਸ਼੍ਰੀ ਅਮੀਸ਼ ਅਰੋੜਾ, ਐੱਚ. ਵੀ. ਜੈਨ ਅਤੇ ਕੰਵਰਜੀਤ ਸਿੰਘ ਕੋਛੜ ਸ਼ਾਮਲ ਸਨ।



ਪ੍ਰਵਾਸੀ ਭਾਰਤੀ ਸ਼੍ਰੀ ਐੱਸ. ਪੀ. ਸਿੰਘ ਓਬਰਾਏ ਨੂੰ ਪਾਸਪੋਰਟ ਸੌਂਪਦੇ ਹੋਏ ਸਬੋਰਗਾ ਦੇ ਪ੍ਰਿੰਸ ਮਾਰਸੈਲ ਤੇ ਹੋਰ।

ਪ੍ਰਿੰਸ ਮਾਰਸੈਲ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਸ਼੍ਰੀ ਓਬਰਾਏ ਦੀ ਦੂਰ-ਅੰਦੇਸ਼ੀ, ਦਿਆਨਤਦਾਰੀ ਅਤੇ ਮਨੁੱਖਤਾ ਦੀ ਤਰੱਕੀ ਲਈ ਕੋਸ਼ਿਸ਼ਾਂ ਨਾਲ ਉਨ੍ਹਾਂ ਦੇ ਦੇਸ਼ ਦੀ ਅੰਤਰਰਾਸ਼ਟਰੀ ਨਕਸ਼ੇ 'ਤੇ ਇਕ ਸ਼ਾਨਦਾਰ ਤਸਵੀਰ ਉਭਰ ਕੇ ਸਾਹਮਣੇ ਆਵੇਗੀ।

ਮੇਅਰ ਐਨਰੀਕੋ ਇਲੇਰਿਉਜੀ ਨੇ ਸ਼੍ਰੀ ਓਬਰਾਏ ਨੂੰ ਸਨਮਾਨ ਪੱਤਰ ਪੇਸ਼ ਕਰਦਿਆਂ ਕਿਹਾ ਕਿ ਸ. ਓਬਰਾਏ ਨੇ ਆਪਣੇ ਪਲਿਓਂ ਕਰੋੜਾਂ ਰੁਪਏ ਦੀ 'ਬਲੱਡ ਮਨੀ' ਦੇ ਕੇ 17 ਭਾਰਤੀਆਂ ਨੂੰ ਫਾਂਸੀ ਤੋਂ ਛੁਡਾ ਕੇ ਉਨ੍ਹਾਂ ਦੇ ਮਾਪਿਆਂ ਦੇ ਵਿਹੜੇ ਖੁਸ਼ੀ ਲਿਆਂਦੀ।